ਮੁਢਲੀ ਸਾਲਸੀ (ਅਰਲੀ ਇੰਟਰਵੈਨਸ਼ਨ) ਵਿੱਚ ਤੁਹਾਡੇ ਪਰਿਵਾਰ ਦੇ ਹੱਕ

ਨਿਊਯਾਰਕ ਸਿਟੀ
ਅਰਲੀ ਇੰਟਰਵੈਨਸ਼ਨ
ਪ੍ਰੋਗਰਾਮ

ਜਿੰਨੀ ਛੇਤੀ, ਓਨੀ ਹੀ ਵਧੀਆ

ਮੁਲਾਂਕਣ	ਤੁਹਾਨੂੰ ਆਪਣੇ ਬੱਚੇ ਦੀ ਸਕ੍ਰੀਨਿੰਗ ਕਰਾਉਣ ਜਾਂ ਮੁਲਾਂਕਣ ਕਰਾਉਣ ਲਈ ਹਾਂ ਜਾਂ ਨਹੀਂ ਕਹਿਣ ਦਾ ਹੱਕ ਹੈ।
ਚੋਣ	ਤੁਹਾਨੂੰ ਆਪਣੇ ਬੱਚੇ ਦਾ ਮੁਲਾਂਕਣ ਕਰਨ ਵਾਲੇ ਸ਼ਖ਼ਸ (ਮੁਲਾਂਕਣਕਰਤਾ) ਨੂੰ ਚੁਣਨ ਦਾ ਹੱਕ ਹੈ। ਤੁਹਾਨੂੰ ਆਪਣੇ ਬੱਚੇ ਦੇ ਹੀ ਨਿਜੀ ਸਰਵਿਸ ਪਲਾਨ ਦੀ ਮੀਟਿੰਗ ਵਿੱਚ ਆਪਣੇ ਪਹਿਲਾਂ ਵਾਲੇ ਸਰਵਿਸ ਕੋਆੱਰਡੀਨੇਟਰ ਨੂੰ ਚੁਣਨ ਦਾ ਹੱਕ ਹੈ। ਤੁਸੀਂ ਆਪਣੇ ਸਰਵਿਸ ਪ੍ਰੋਵਾਈਡਰ ਜਾਂ ਥੈਰੇਪਿਸਟ ਦੀ ਚੋਣ ਨਹੀਂ ਕਰ ਸਕਦੇ। ਜੇ ਤੁਸੀਂ ਮੁਢਲੀ ਸਾਲਸੀ (Early Intervention, EI) ਛੱਡ ਦਿੰਦੇ ਹੋ, ਤਾਂ ਤੁਸੀਂ ਆਪਣੇ ਬੱਚੇ ਦੇ ਤੀਜੇ (3rd) ਜਨਮ-ਦਿਨ ਤੱਕ ਕਦੀ ਵੀ ਵਾਪਸ ਆਉਣ ਦਾ ਤਰੀਕਾ ਚੁਣ ਸਕਦੇ ਹੋ।
ਮੰਜ਼ੂਰੀ ਦੇਣਾ	ਆਪਣੇ ਬੱਚੇ ਦੀ EI ਵਿੱਚ ਰਜਿਸਟ੍ਰੇਸ਼ਨ ਕਰਾਉਣ ਲਈ ਤੁਹਾਨੂੰ ਹਾਂ ਜਾਂ ਨਹੀਂ ਕਹਿਣ ਦਾ ਹੱਕ ਹੈ। EI ਰਾਹੀਂ ਦਿੱਤੀ ਜਾਣ ਵਾਲੀ ਕਿਸੇ ਵੀ ਸਰਵਿਸ ਲਈ, ਤੁਹਾਨੂੰ ਹਾਂ ਜਾਂ ਨਹੀਂ ਕਹਿਣ ਦਾ ਹੱਕ ਹੈ। ਜੇ ਤੁਹਾਨੂੰ ਕੋਈ ਖ਼ਾਸ ਸਰਵਿਸ ਨਹੀਂ ਚਾਹੀਦੀ, ਤਾਂ ਤੁਸੀਂ ਉਹ ਸਰਵਿਸ ਲੈਣ ਤੋਂ ਮਨ੍ਹਾ ਕਰ ਸਕਦੇ ਹੋ ਅਤੇ ਤੁਸੀਂ ਅਜੇ ਵੀ ਆਪਣੀ ਸਹਿਮਤੀ ਵਾਲੀਆਂ ਹੋਰ ਸੇਵਾਵਾਂ ਲੈ ਸਕਦੇ ਹੋ।
ਰਾਜ਼ਦਾਰੀ	ਤੁਹਾਨੂੰ ਆਪਣੇ ਬੱਚੇ ਅਤੇ ਪਰਿਵਾਰ ਨਾਲ ਜੁੜੀ ਕੋਈ ਵੀ ਜਾਣਕਾਰੀ ਗੁਪਤ ਰੱਖਣ ਦਾ ਹੱਕ ਹੈ। ਸਾਡੇ ਵਲੋਂ EI ਵਿੱਚ ਕੰਮ ਨਾ ਕਰਨ ਵਾਲੇ ਲੋਕਾਂ ਜਾਂ ਏਜੰਸੀਆਂ ਨੂੰ ਜਾਣਕਾਰੀ ਭੇਜਣ ਤੋਂ ਪਹਿਲਾਂ ਤੁਹਾਨੂੰ ਲਿਖਤੀ ਮੰਜ਼ੂਰੀ ਜ਼ਰੂਰ ਦੇਣੀ ਚਾਹੀਦੀ ਹੈ।
ਮੀਟਿੰਗਾਂ	ਤੁਹਾਨੂੰ ਆਪਣੇ ਬੱਚੇ ਦੇ ਮੁਲਾਂਕਣਾਂ ਜਾਂ ਸੇਵਾਵਾਂ ਬਾਰੇ ਫ਼ੈਸਲਾ ਲੈਣ ਵਾਲੀਆਂ ਸਾਰੀਆਂ ਮੀਟਿੰਗਾਂ ਵਿੱਚ ਹਿੱਸਾ ਲੈਣ ਦਾ ਹੱਕ ਹੈ – ਅਤੇ ਹੋਰਨਾਂ ਲੋਕਾਂ ਨੂੰ ਵੀ ਸੱਦਾ ਦੇਣ ਦਾ ਹੱਕ ਹੈ।
ਬੀਮਾ	ਤੁਹਾਨੂੰ ਇਹ ਵੀ ਜਾਣਨ ਦਾ ਹੱਕ ਹੈ ਕਿ ਕੀ EI ਸੇਵਾਵਾਂ ਦੇ ਭੁਗਤਾਨ ਲਈ ਤੁਹਾਡੇ ਬੀਮੇ ਦੀ ਵਰਤੋਂ ਕੀਤੀ ਜਾਏਗੀ। ਜੇ ਇਹ ਭੁਗਤਾਨ ਤੁਹਾਡੇ ਬੀਮੇ ਰਾਹੀਂ ਕੀਤਾ ਜਾਂਦਾ ਹੈ, ਤਾਂ ਤੁਹਾਡੇ ਤੋਂ ਕੋਈ ਸਿੱਧੀ ਲਾਗਤ ਨਹੀਂ ਲਈ ਜਾਏਗੀ।
ਲਿਖਤੀ ਜਾਣਕਾਰੀ	ਤੁਹਾਡੇ ਬੱਚੇ ਦੇ ਮੁਲਾਂਕਣ, ਯੋਗਤਾ ਜਾਂ ਸੇਵਾਵਾਂ ਵਿੱਚ ਕੋਈ ਤਬਦੀਲੀ ਕਰਨ ਤੋਂ ਪਹਿਲਾਂ, ਤੁਹਾਨੂੰ ਇਸ ਬਾਰੇ ਲਿਖਤੀ ਜਾਣਕਾਰੀ ਜ਼ਰੂਰ ਮਿਲਣੀ ਚਾਹੀਦੀ ਹੈ।
ਤੁਹਾਡੇ ਬੱਚੇ ਦੇ ਰਿਕੱਾਰਡ	ਤੁਹਾਨੂੰ ਆਪਣੇ ਬੱਚੇ ਦੇ ਕਿਸੇ ਵੀ ਰਿਕੱਾਰਡ ਦੀ ਪੜਤਾਲ ਕਰਨ ਦਾ ਹੱਕ ਹੈ। ਤੁਹਾਨੂੰ ਇਹਨਾਂ ਰਿਕੱਾਰਡਾਂ ਦੀ ਕੱਾਪੀ ਲੈਣ ਦਾ ਹੱਕ ਹੈ। ਤੁਹਾਨੂੰ ਕਿਸੇ ਵੀ ਰਿਕੱਾਰਡ ਵਿੱਚ ਤਬਦੀਲੀ ਕਰਨ ਲਈ ਕਹਿਣ ਦਾ ਹੱਕ ਹੈ।

DMH6660040 - 1.25 - Punjabi

NYC Health

ਜੇ ਤੁਹਾਡੇ ਕੋਈ ਸੁਆਲ ਹਨ:

- **ਆਪਣੇ ਸਰਵਿਸ ਕੋਆੱਰਡੀਨੇਟਰ ਨਾਲ ਗੱਲ ਕਰੋ। ਉਹ ਜ਼ਿਆਦਾਤਰ ਸੁਆਲਾਂ ਵਿੱਚ ਤੁਹਾਡੀ ਮਦਦ ਕਰੇਗਾ/ਕਰੇਗੀ।**
- **ਆਪਣੇ ਇਲਾਕਾਈ ਦਫ਼ਤਰ ਨੂੰ ਕਾੱਲ ਕਰੋ ਅਤੇ ਸਹਾਇਕ ਡਾਇਰੈਕਟਰ ਨਾਲ ਗੱਲ ਕਰਾਉਣ ਲਈ ਕਹੋ।**
- **ਮੁਢਲੀ ਸਾਲਸੀ ਦੇ ਖਪਤਕਾਰੀ ਮਾਮਲਿਆਂ ਨੂੰ ਕਾੱਲ ਕਰੋ: 347-396-6828**

Bronx: 718-838-6887 • **Brooklyn: 718-694-6000** • **Manhattan: 212-436-0900**
Queens: 718-553-3954 • **Staten Island: 718-568-2300**

ਜੇ ਸਮੱਸਿਆ ਹੱਲ ਨਹੀਂ ਹੁੰਦੀ ਜਾਂ ਤੁਸੀਂ ਫ਼ੈਸਲੇ ਨਾਲ ਸਹਿਮਤ ਨਹੀਂ ਹੋ,

ਤਾਂ ਤੁਹਾਨੂੰ ਫ਼ੈਸਲੇ ਬਾਰੇ ਮੁੜ-ਵਿਚਾਰ ਕਰਨ ਲਈ ਕਹਣਿ ਦਾ ਹਮੇਸ਼ਾ ਹੱਕ ਹੁੰਦਾ ਹੈ। ਇਸ ਨੂੰ ਢੁਕਵਾਂ ਅਮਲ ਕਹਿਾ ਜਾਂਦਾ ਹੈ। ਤੁਹਾਡੇ ਢੁਕਵੇਂ ਹੱਕਾਂ ਵੱਚਿ ਸ਼ਾਮਲਿ ਹੈ:

ਸਾਲਸੀ	ਇਹ EI ਅਤੇ ਸਾਲਸ (ਅਜਿਹਾ ਸ਼ਖ਼ਸ, ਜਿਸਦਾ ਸਥਿਤੀ ਨਾਲ ਕੋਈ ਲੈਣਾ-ਦੇਣਾ ਨਹੀਂ ਹੈ, ਪਰ ਉਹ ਹੱਲ ਤਲਾਸ਼ਣ ਵਿੱਚ ਤੁਹਾਡੀ ਮਦਦ ਕਰ ਸਕਦਾ/ਸਕਦੀ ਹੈ) ਨਾਲ ਆਪਣੇ ਸਰੋਕਾਰਾਂ ਬਾਰੇ ਵਿਚਾਰ-ਵਟਾਂਦਰਾ ਕਰਨ ਦਾ ਇੱਕ ਤਰੀਕਾ ਹੈ।
ਨਿਰਪੱਖ ਸੁਣਵਾਈ	ਇਹ ਇੱਕ ਰਸਮੀ ਅਮਲ ਹੈ, ਜਿਸ ਵਿੱਚ ਪ੍ਰਸ਼ਾਸਨੀ ਕਾਨੂੰਨ ਬਾਰੇ ਜੱਜ ਸਰੋਕਾਰ ਸੁਣਦਾ/ਸੁਣਦੀ ਹੈ ਅਤੇ ਫ਼ੈਸਲਾ ਕਰਦਾ/ਕਰਦੀ ਹੈ।
ਸਿਸਟਮ ਬਾਰੇ ਸ਼ਿਕਾਇਤ	ਇਹ ਇੱਕ ਅਜਿਹਾ ਸਿਸਟਮ ਹੈ, ਜਿੱਥੇ ਤੁਸੀਂ ਨਿਊਯਾਰਕ ਸਟੇਟ ਦੇ ਸਿਹਤ ਵਿਭਾਗ ਨੂੰ ਸਮੱਸਿਆ ਦੀ ਪੜਤਾਲ ਕਰਨ ਲਈ ਕਹਿੰਦੇ ਹੋ।

ਸਾਲਸੀ ਲਈ, ਇਹਨਾਂ ਨੂੰ ਲਿਖੋ:

Director of Consumer Affairs
NYC Early Intervention Program

42-09 28th St
Long Island City, NY 11101

ਫੋਨ: 347-396-6828

ਫ਼ੈਕਸ: 347-396-8977

ਨਿਰਪੱਖ ਸੁਣਵਾਈ ਜਾਂ ਸਿਸਟਮ ਬਾਰੇ ਸ਼ਿਕਾਇਤ ਕਰਨ ਲਈ, ਇਹਨਾਂ ਨੂੰ ਲਿਖੋ:

New York State Department of Health
Bureau of Early Intervention

Corning Tower, Empire State Plaza
Albany, NY 12237

ਫੋਨ: 518-473-7016

ਫ਼ੈਕਸ: 518-486-1090

ਪਰਿਵਾਰ ਦੇ ਇਹ ਹੱਕ ਅਸਮਰੱਥ (ਅਪਾਹਜ) ਲੋਕਾਂ ਲਈ ਸਿਖਿਆ ਕਾਨੂੰਨ (Individuals with Disabilities Education Act, IDEA) ਦੇ ਹਿੱਸਾ C ਅਨੁਸਾਰ ਮੁਢਲੀ ਸਾਲਸੀ ਵਿਚਲੇ ਬੱਚਿਆਂ ਦੇ ਸਾਰੇ ਪਰਿਵਾਰਾਂ ਨੂੰ ਗਰੰਟੀ ਦਿੰਦੇ ਹਨ। ਹੋਰ ਜਾਣਕਾਰੀ ਲਈ health.ny.gov/publications/0532 'ਤੇ ਜਾਓ।